# ਪੰਜਾਬ ਕੇਂਦਰੀ ਯੂਨੀਵਰਸਿਟੀ

(ਪਾਰਲੀਮੈਂਟ ਦੇ ਐਕਟ ਨੰ 25 (2009) ਤਹਿਤ ਸਥਾਪਿਤ)

## ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਸਿਟੀ ਕੈਂਪਸ ਤੋਂ ਮੇਨ ਕੈਂਪਸ ਘੁੱਦਾ ਦੀ ਸ਼ਿਫਟਿੰਗ / ਢੋਆ ਢੁਆਈ ਲਈ ਜਰੂਰਤ ਅਨੁਸਾਰ ਟਰੱਕ ਕਿਰਾਏ ਤੇ ਲੈਣ ਲਈ ਕੋਟੇਸ਼ਨਾਂ ਮੰਗਵਾਉਣ ਸਬੰਧੀ ਨੋਟਿਸ

ਅਹਿਮ ਸਮਾਂ ਸਾਰਣੀ

| | | |
|---|---|---|
| 1. | ਪ੍ਰਕਾਸ਼ਿਤ ਹੋਣ ਦੀ ਮਿਤੀ | 19.06.2020 |
| 2. | ਜਮ੍ਹਾਂ ਕਰਵਾਉਣ ਦੀ ਸ਼ੁਰੁਆਤੀ ਮਤੀ | 20.06.2020 |
| 3. | ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ | 05.07.2020 ਸ਼ਾਮ 05:00 ਵਜੇ ਤੱਕ |
| 4. | ਵਿੱਤੀ ਬੋਲੀ ਖੁੱਲ੍ਹਣ ਦੀ ਮਿਤੀ | 06.07.2020 ਸਵੇਰੇ 11: 00 ਵਜੇ |

ਸਿਟੀ ਕੈਂਪਸ, ਮਾਨਸਾ ਰੋਡ, ਬਠਿੰਡਾ-151001
ਈ ਮੇਲ: registrar@cup.edu.in, ਟੈਲੀ : 0164-2864125



CUPB/ SO/2020/NIQ/

# ਪੰਜਾਬ ਕੇਂਦਰੀ ਯੂਨੀਵਰਸਿਟੀ

(ਪਾਰਲੀਮੈਂਟ ਦੇ ਐਕਟ ਨੰ 25 (2009) ਤਹਿਤ ਸਥਾਪਿਤ)
ਸਿਟੀ ਕੈਂਪਸ, ਮਾਨਸਾ ਰੋਡ, ਬਠਿੰਡਾ-151001
ਟੈਲੀ: 0164-2864125, 0164-2864106

## 1. ਯੂਨੀਟਵਸਿਟੀ ਬਾਰੇ:

ਪੰਜਾਬ ਕੇਂਦਰੀ ਯੂਨੀਵਰਸਿਟੀ (ਸੀਯੂਪੀਬੀ), ਪਾਰਲੀਮੈਂਟ ਦੇ ਐਕਟ ਨੰ 25 (2009) ਤਹਿਤ, 20 ਮਾਰਚ 2009 ਭਾਰਤੀ ਗਜ਼ਟ ਨੰ 27, ਦੁਆਰਾ ਸਥਾਪਿਤ ਕੀਤੀ ਗਈ ਅਤੇ ਭਾਰਤ ਸਰਕਾਰ ਦੁਆਰਾ ਪੂਰੀ ਤਰ੍ਹਾਂ ਵਿੱਤੀ ਸਹਾਇਤਾ ਪ੍ਰਾਪਤ ਨਵੀਂ ਕੇਂਦਰੀ ਯੂਨੀਵਰਸਿਟੀ ਹੈ । ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ- ਕੇਂਦਰੀ ਸਰਕਾਰ ਦੇ ਤੇਜੀ ਨਾਲ ਵਧਦੇ ਵਿਦਿਅੱਕ ਅਦਾਰਿਆਂ ਵਿੱਚੋਂ ਇੱਕ ਹੈ ਜੋ ਕਿ ਅਕਾਦਮਿਕ, ਖੇਡਾਂ, ਮਨੋਰੰਜਨ, ਸਹਿ ਪਾਠਕ੍ਰਮ ਅਤੇ ਪਲੇਸਮੈਂਟ ਦੇ ਮੌਕਿਆਂ ਦੀ ਪੇਸ਼ਕਸ਼ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

## 2. ਪਤੇ: ਯੂਨੀਵਰਸਿਟੀ ਦੇ ਪਤੇ ਹੇਠ ਲਿਖੇ ਅਨੁਸਾਰ ਹਨ:

2.1. ਸਿਟੀ ਕੈਂਪਸ, ਬਠਿੰਡਾ ਬਸ ਸਟੈਂਡ ਤੋਂ ਤਕਰੀਬਨ 7 ਕਿਲੋਮੀਟਰ ਅਤੇ ਰੇਲਵੇ ਸਟੇਸ਼ਨ ਤੋਂ ਤਕਰੀਬਨ 12 ਕਿਲੋਮੀਟਰ ਦੀ ਦੂਰੀ ਤੇ ਮਾਨਸਾ ਰੋਡ (ਰਾਜਮਾਰਗ ਨੰ 17) ਉੱਤੇ ਸਥਿਤ ਹੈ।

2.2. ਪੰਜਾਬ ਕੇਂਦਰੀ ਯੂਨੀਵਰਸਿਟੀ ਦਾ ਨਵ ਨਿਰਮਤ ਮੇਨ ਕੈਂਪਸ ਘੁੱਦਾ ਪਿੰਡ ਵਿਖੇ ਸਥਿਤ ਹੈ। ਸਿਟੀ ਕੈਂਪਸ ਤੋਂ ਇਸ ਕੈਂਪਸ ਦੀ ਦੂਰੀ ਤਕਰੀਬਨ 25 ਕਿਲੋਮੀਟਰ ਹੈ। ਦੋਹਾਂ ਕੈਂਪਸਾਂ ਦੇ ਦਰਮਿਆਨ ਸੜਕ ਦੀ ਹਾਲਤ ਬਹੁਤ ਚੰਗੀ ਹੈ।

## 3. ਕੰਮ / ਸੇਵਾ ਦਾ ਵੇਰਵਾ :

ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਸਿਟੀ ਕੈਂਪਸ ਤੋਂ ਮੇਨ ਕੈਂਪਸ ਘੁੱਦਾ ਦੀ ਸ਼ਿਫਟਿੰਗ/ਮਾਲ/ਸਮੱਗਰੀ ਆਦਿ ਦੀ ਢੋਆ ਢੁਆਈ ਲਈ ਜਰੂਰਤ ਅਨੁਸਾਰ ਟਰੱਕ ਕਿਰਾਏ ਤੇ ਲੈਣ ਲਈ ਕੋਟੇਸ਼ਨਾਂ ਮੰਗਵਾਉਣ ਸਬੰਧੀ ਨੋਟਿਸ । ਕੰਮ/ ਸੇਵਾ ਵਿੱਚ ਕੀਮਤੀ ਫਰਨੀਚਰ / ਸੰਵੇਦਨਸ਼ੀਲ ਵਿਗਿਆਨਿਕ / ਉਪਕਰਣ/ ਕਿਤਾਬਾਂ/ ਦਫਤਰੀ ਰਿਕਾਰਡ/ ਰਸਾਇਣ / ਕੱਚ ਦਾ ਸਮਾਨ ਅਤੇ ਯੂਨੀਵਰਸਿਟੀ ਦੀ ਚੱਲ ਸੰਪੱਤੀ ਨੂੰ ਸਿਟੀ ਕੈਂਪਸ ਤੋਂ ਮੈਂਨ ਕੈਂਪਸ ਘੁੱਦਾ ਸਹੀ ਸਲਾਮਤ ਪਹੁੰਚਾਉਣਾ ਹੈ।

## 4. ਕੋਟੇਸ਼ਨਾਂ ਮੰਗਵਾਉਣ ਸਬੰਧੀ ਨੋਟਿਸ ਦੀ ਸੂਚਨਾ:

ਰਜਿਸਟਰਾਰ ਪੰਜਾਬ ਕੇਂਦਰੀ ਯੂਨੀਵਰਸਿਟੀ ਕੈਂਪਸ ਦੇ ਸ਼ਿਫਟ ਹੋਣ ਤੱਕ ਜਰੂਰਤ ਮੁਤਾਬਕ ਅਨੁਲਗ-2 ਵਿੱਚ ਦਰਸਾਈਆਂ ਹਦਾਇਤਾਂ ਅਨੁਸਾਰ ਮੁਹਰਬੰਦ ਲਿਫਾਫੇ ਵਿੱਚ ਨਾਮਵਰ ਫਰਮਾਂ, ਏਜੰਸੀਆਂ/ ਟਰਾਂਸਪੋਰਟਰਾਂ ਤੋਂ ਚੰਗੀ ਤਰ੍ਹਾਂ ਸੰਭਾਲੇ ਗਏ ਵਾਹਨ ਮੁਹੱਈਆ ਕਰਵਾਉਣ ਲਈ ਵਿੱਤੀ ਬੋਲੀ ਦੀ ਮੰਗ ਕੀਤੀ ਜਾਂਦੀ ਹੈ। ਇੱਛੁਕ ਫਰਮਾਂ, ਏਜੰਸੀਆਂ/ ਟਰਾਂਸਪੋਰਟਰਾਂ ਕੋਲ ਸਮਰੱਥ ਅਥਾਰਟੀ ਦੁਆਰਾ ਜਾਰੀ ਕੀਤੇ ਗਏ ਲੋੜੀਂਦੇ ਲਾਈਸੈਂਸ, ਪੈਨ ਕਾਰਡ ਅਤੇ ਬੈਂਕ ਖਾਤਾ ਹੋਣਾ ਲਾਜ਼ਮੀ ਹੈ। ਪੰਜਾਬ ਕੇਂਦਰੀ ਯੂਨੀਵਰਸਿਟੀ ਬਠਿੰਡਾ ਕਿਸੇ ਵੀ/ ਸਾਰੀਆਂ ਕੋਟੇਸ਼ਨਾਂ/ਬੋਲੀਆਂ ਨੂੰ ਰੱਦ ਕਰਨ ਦਾ ਅਧਿਕਾਰ ਰੱਖਦੀ ਹੈ ।

## 5. ਸ਼ਿਫਟ ਕੀਤੀਆਂ ਜਾਣ ਵਾਲੀਆਂ ਵਸਤਾਂ ਦਾ ਵੇਰਵਾ:

5.1. ਲੈਬਾਰੇਟਰੀ ਅਤੇ ਦਫਤਰੀ ਫਰਨੀਚਰ
5.2. ਉੱਚ ਦਰਜੇ ਦੇ ਉਪਕਰਣ
5.3. ਕਿਤਾਬਾਂ ਅਤੇ ਦਫਤਰੀ ਰਿਕਾਰਡ
5.4. ਕੰਪਿਊਟਰ ਅਤੇ ਉਸ ਨਾਲ ਸਬੰਧਿਤ ਸਮਾਨ ਅਤੇ ਹੋਰ ਉਪਕਰਣ
5.5. ਉੱਚ ਮਿਆਰੀ ਵਿਗਿਆਨਿਕ ਉਪਕਰਣ
5.6. ਵਿਦਿਆਰਥੀ ਹੋਸਟਲ ਦਾ ਸਮਾਨ
5.7. ਵਿਦਿਆਰਥੀ ਮੈੱਸ ਦਾ ਸਮਾਨ
5.8. ਅਤੇ ਯੂਨੀਵਰਸਿਟੀ ਦੀ ਹੋਰ ਚੱਲ ਸੰਪੱਤੀ



CUPB/ SO/2020/NIQ/

## 6. ਨਿਯਮ ਅਤੇ ਸ਼ਰਤਾਂ:

6.1. ਬੋਲੀਕਾਰਾਂ ਨੂੰ ਕੰਮ ਵਾਲੀ ਜਗ੍ਹਾ, ਇਸਦੇ ਆਲ-ਦੁਆਲੇ, ਕੰਮ ਦੇ ਵੇਰਵੇ ਆਦਿ ਦਾ ਮੁਆਇਨਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।
6.2. ਬੋਲੀਕਾਰ 24 ਤੋਂ 26 ਫੁੱਟ ਦੀ ਲੰਬਾਈ ਵਾਲੇ ਟਰੱਕ, ਕੈਂਟਰ ਅਤੇ ਟਾਟਾ ਏਸ (ਛੋਟਾ ਹਾਥੀ) ਕਿਸਮ ਦੇ ਵਾਹਨਾਂ ਲਈ ਵੱਖਰੀ ਬੋਲੀ ਦੇਣਗੇ ।
6.3. ਕਿਰਾਏ ਤੇ ਦਿੱਤੇ ਜਾਣੇ ਟਰੱਕ, ਕੈਂਟਰ ਅਤੇ ਟਾਟਾ ਏਸ (ਛੋਟਾ ਹਾਥੀ) ਕਿਸਮ ਦੇ ਵਾਹਨਾਂ ਦਾ ਪੰਜੀਕਰਣ ਅਤੇ ਬੀਮਾ ਹੋਣਾ ਲਾਜ਼ਮੀ ਹੈ।
6.4. ਕਿਰਾਏ ਤੇ ਦਿੱਤੇ ਜਾਣੇ ਵਾਹਨਾਂ ਤੇ ਡਰਾਇਵਰ ਦੇ ਨਾਲ ਕਲੀਨਰ ਵੀ ਦੇਣਾ ਪਵੇਗਾ ।
6.5. ਕਿਰਾਏ ਤੇ ਦਿੱਤੇ ਜਾਣ ਵਾਲੇ ਹਰੇਕ ਵਾਹਨ ਦੇ ਵਿੱਚ ਸਮਾਨ ਨੂੰ ਬੰਨਣ ਲਈ ਤਰਪਾਲ ਦੇ ਨਾਲ ਉਚਿਤ ਲੰਬਾਈ ਵਾਲੀ ਰੱਸੀ ਹੋਣੀ ਲਾਜ਼ਮੀ ਹੈ।
6.6. ਕਿਰਾਏ ਤੇ ਦਿੱਤੇ ਜਾਣ ਵਾਲੇ ਹਰੇਕ ਵਾਹਨ ਦੇ ਵਿੱਚ ਅੱਗ ਬੁਝਾਉ ਯੰਤਰ ਅਤੇ ਸਪੇਅਰ ਵ੍ਹੀਲ (ਸਟੈਪਨੀ) ਹੋਣੀ ਲਾਜ਼ਮੀ ਹੈ।
6.7. ਰੋਜਾਨਾ ਦੇ 2-3 ਚੱਕਰ ਲੋੜੀਂਦੇ ਹਨ ਪਰ ਅਸਲ ਜਰੂਰਤ ਮੁਤਾਬਕ ਘੱਟ/ਵੱਧ ਸਕਦੇ ਹਨ ਜੋਕਿ ਠੇਕੇਦਾਰ ਨੂੰ ਪਹਿਲਾਂ ਹੀ ਦੱਸ ਦਿੱਤਾ ਜਾਵੇਗਾ।
6.8. ਵਾਹਨਾਂ ਦੀ ਜਰੂਰਤ ਨਿੱਜੀ ਤੌਰ ਤੇ ਜਾਂ ਟੈਲੀਫੋਨ ਰਾਹੀ ਇੱਕ ਦਿਨ ਪਹਿਲਾਂ ਦੱਸੀ ਜਾਵੇਗੀ ਅਤੇ ਵਾਹਨ ਹਰ ਸਮੇਂ ਬਿਨਾਂ ਕਿਸੇ ਚੂਕ ਦੇ ਤਿਆਰ ਬਰ ਤਿਆਰ ਰਹਿਣਾਂ ਚਾਹੀਦਾ ਹੈ।
6.9. ਵਾਹਨ ਦੀ ਟੁੱਟ-ਭੱਜ, ਖਰਾਬ ਹੋਣ ਜਾਂ ਕਿਸੇ ਵੀ ਘਟਨਾ ਦੀ ਸਥਿਤੀ ਵਿੱਚ ਜਿੰਮੇਵਾਰੀ ਪੂਰੀ ਤਰਾਂ ਠੇਕੇਦਾਰ ਦੀ ਹੋਵੇਗੀ ਅਤੇ ਉਹ ਹੀ ਉਸੇ ਵਕਤ ਢੁਕਵੇਂ ਹੱਲ ਪ੍ਰਦਾਨ ਕਰੇਗਾ।
6.10. ਡਰਾਇਵਰ ਦੀ ਲਾਪਰਵਾਹੀ ਕਾਰਨ ਕਿਸੇ ਵੀ ਤਰ੍ਹਾਂ ਦੀ ਦੁਰਘਟਨਾ ਵਾਪਰਨ ਦੀ ਸਥਿਤੀ ਵਿੱਚ, ਢੋਏ ਜਾਣ ਵਾਲੇ ਸਮਾਨ ਦੇ ਨੁਕਸਾਨ ਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ।
6.11. ਵਿੱਤੀ ਬੋਲੀ ਦੀ ਮਿਆਦ ਬੋਲੀ ਸਵੀਕਾਰਨ ਦੀ ਆਖਰੀ ਮਿਤੀ ਤੋਂ 90 ਦਿਨਾਂ ਤੱਕ ਰਹੇਗੀ ।
6.12. ਕਿਸੇ ਵੀ ਕਾਰਣ ਕਰਕੇ ਕੀਮਤਾਂ ਵਿੱਚ ਵਾਧਾ ਸਵੀਕਾਰਿਆ ਨਹੀਂ ਜਾਵੇਗਾ।
6.13. ਪੂਰਾ ਪਤਾ ਅਤੇ ਟੈਲੀਫੋਨ ਨੰ ਬੋਲੀ ਵਿੱਚ ਲਿਖਿਆ ਹੋਣਾ ਚਾਹੀਦਾ ਹੈ।
6.14. ਜੇਕਰ ਦੋ ਭਾਸ਼ੀ ਸੰਸਕਰਚਣਾਂ ਦੇ ਕਾਰਣ ਵਿਆਖਿਆ ਵਿੱਚ ਕੋਈ ਅੰਤਰ ਆਂਉਦਾ ਹੈ ਤਾਂ ਇਸ ਸਥਿਤੀ ਵਿੱਚ ਅੰਗਰੇਜੀ ਸੰਸਕਰਣ ਪ੍ਰਬਲ ਰਹੇਗਾ।
6.15. ਕਿਸੇ ਵੀ ਮਸਲੇ ਲਈ ਵਾਈਸ ਚਾਂਸਲਰ, ਪੰਜਾਬ ਕੇਂਦਰੀ ਯੂਨੀਵਰਸਿਟੀ ਬਠਿੰਡਾ ਦਾ ਨਿਰਣਾ ਅੰਤਿਮ ਅਤੇ ਮੰਨਣਯੋਗ ਹੋਵੇਗਾ।
6.16. ਇਸ ਦਸਤਾਵੇਜ ਵਿੱਚ ਦਰਸਾਈ ਗਈ ਵਿੱਤੀ ਖੋਲ੍ਹਣ ਦੀ ਮਿਤੀ ਅਤੇ ਸਮੇਂ ਤੇ ਯਾਨੀ ਕਿ ਮਿਤੀ 06 ਜੁਲਾਈ 2020 ਨੂੰ ਸਵੇਰੇ 1100 ਵਜੇ ਵਿੱਤੀ ਬੋਲੀਕਾਰਾਂ ਦੀ ਹਾਜ਼ਰੀ ਵਿੱਚ ਖੋਲੀ ਜਾਵੇਗੀ ।

## 7. ਭੁਗਤਾਨ ਦੀਆਂ ਧਾਰਾਵਾਂ:

7.1 ਭੁਗਤਾਨ ਕੰਮ ਪੂਰਾ ਹੋਣ 'ਤੇ ਠੇਕੇਦਾਰ ਦੇ ਬੈਂਕ ਖਾਤੇ ਵਿੱਚ NEFT / RTGS ਦੁਆਰਾ ਕੀਤਾ ਜਾਵੇਗਾ । ਕਿਸੇ ਵੀ ਤਰ੍ਹਾਂ ਦੇ ਐਡਵਾਂਸ ਲਈ ਕੋਈ ਬੇਨਤੀ ਸਵੀਕਾਰੀ ਨਹੀਂ ਜਾਵੇਗੀ।
7.2 ਵਿੱਤੀ ਬੋਲੀ ਡਰਾਇਵਰ, ਕਲੀਨਰ, ਤੇਲ ਖਰਚ ਅਤੇ ਪਰਮਿਟ ਆਦਿ ਖਰਚਿਆਂ ਸਮੇਤ ਲਗਾਈ ਜਾਵੇਗੀ । ਯੂਨੀਵਰਸਿਟੀ ਕੇਵਲ ਬੋਲੀ ਵਿੱਚ ਦਰਸਾਏ ਅਨੁਸਾਰ ਪ੍ਰਤੀ ਗੇੜੇ ਦੇ ਹਿਸਾਬ ਨਾਲ ਭੁਗਤਾਨ ਕਰਨ ਲਈ ਜਿੰਮੇਵਾਰ ਹੋਵੇਗੀ ਅਤੇ ਹੋਰ ਕਿਸੇ ਹਾਲਾਤ ਦੇ ਕਾਰਨ ਪੈਣ ਵਾਲੇ ਖਰਚਿਆਂ ਲਈ ਜਿੰਮੇਵਾਰ ਨਹੀਂ ਹੋਵੇਗੀ ।
7.3. ਇਕਰਾਰਨਾਮੇ ਦੀਆਂ ਸ਼ਰਤਾਂ ਅਤੇ ਨਿਯਮਾਂ ਦੀ ਉਲੰਘਣਾ ਕਰਨ ਦੀ ਸਥਿਤੀ ਵਿੱਚ 10 ਦਿਨਾਂ ਦਾ ਨੋਟਿਸ ਦੇਕੇ ਇਕਰਾਰਨਾਮਾ ਭੰਗ ਕੀਤਾ ਜਾ ਸਕਦਾ ਹੈ ਅਤੇ ਠੇਕੇਦਾਰ ਦੁਆਰਾ ਜਮ੍ਹਾਂ ਕੀਤੇ ਅੰਤਿਮ ਬਿੱਲ ਵਿੱਚੋਂ 5000/- ਰੁਪਏ ਪ੍ਰਤੀ ਉਲੰਘਣਾ ਦੀ ਦਰ ਨਾਲ ਕੱਟੇ ਜਾਣਗੇ ।

## 8. ਵਿੱਤੀ ਬੋਲੀ ਜਮ੍ਹਾਂ ਕਰਨ ਸਬੰਧੀ:

ਮੁਹਰਬੰਦ ਵਿੱਤੀ ਬੋਲੀ ਮਿਤੀ 5 ਜੁਲਾਈ 2020 ਸ਼ਾਮ 5:00 ਵਜੇ ਤੱਕ ਜਾਂ ਉਸ ਤੋਂ ਪਹਿਲਾਂ ਨਿੱਜੀ ਤੋਰ ਤੇ ਜਾਂ ਸਪੀਡ ਪੋਸਟ/ ਰਜਿਸਟਰਡ ਪੋਸਟ / ਕੋਰੀਅਰ ਰਾਹੀ ਹੇਠ ਲਿਖੇ ਪਤੇ ਕਰਵਾਉਣੀ ਪਵੇਗੀ:

ਰਜਿਸਟਰਾਰ,
ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ
ਸਿਟੀ ਕੈਂਪਸ, ਮਾਨਸਾ ਰੋਡ, ਬਠਿੰਡਾ-151001

ਇਸ ਦਸਤਾਵੇਜ ਅਨੁਸਾਰ ਦਰਸਾਈ ਅੰਤਿਮ ਮਿਤੀ ਦੇ ਬਾਅਦ ਪ੍ਰਾਪਤ ਹੋਈਆਂ ਬੋਲੀਆਂ ਸਵੀਕਾਰੀਆਂ ਨਹੀਂ ਜਾਣਗੀਆਂ। ਪੰਜਾਬ ਕੇਂਦਰੀ ਯੂਨੀਵਰਸਿਟੀ ਬਠਿੰਡਾ ਡਾਕ ਜਾਂ ਕੋਰੀਅਰ ਇਤਿਆਦ ਰਾਹੀਂ ਹੋਈ ਕਿਸੇ ਵੀ ਦੇਰੀ ਲਈ ਜਿੰਮੇਵਾਰ ਨਹੀਂ ਰਹੇਗੀ।

ਬੋਲੀ ਕੇਵਲ ਅੰਗਰੇਜੀ ਭਾਸ਼ਾ ਵਿੱਚ ਹੀ ਭਰਨੀ ਹੋਵੇਗੀ। ਮੁਹਰ ਰਹਿਤ, ਦਸਤਖਤ ਰਹਿਤ, ਖੁੱਲ੍ਹੀ ਬੋਲੀ ਅਤੇ/ਜਾਂ ਅਧੂਰੀ ਬੋਲੀ ਸਵੀਕਾਰਨਯੋਗ ਨਹੀਂ ਹੋਵੇਗੀ।



CUPB/ SO/2020/NIQ/

ਬੋਲੀ ਦੇ ਨਾਲ ਹੇਠ ਲਿਖੇ ਦਸਤਾਵੇਜ ਜਮ੍ਹਾਂ ਕਰਵਾਉਣੇ ਹੋਣਗੇ:

1. ਇਸ ਦਸਤਾਵੇਜ ਵਿੱਚ ਦਰਸਾਏ ਨਿਯਮ ਅਤੇ ਸ਼ਰਤਾਂ ਪ੍ਰਤੀ ਸਹਿਮਤੀ।
2. ਪੈਨ ਕਾਰਡ ਦੀ ਕਾਪੀ
3. ਬੋਲੀਕਰਤਾ ਦੇ ਬੈਂਕ ਖਾਤੇ ਦਾ ਵੇਰਵਾ
4. ਕੰਮ ਵਾਲੀ ਜਗ੍ਹਾ ਦਾ ਮੁਆਇਨਾ ਕਰਨ ਸਬੰਧੀ ਪ੍ਰਮਾਣ ਪੱਤਰ
5. ਵਿੱਤੀ ਬੋਲੀ

***9.*** **ਅਧਿਕਾਰ ਖੇਤਰ:** ਕਿਸੇ ਵੀ ਕਿਸਮ ਦੇ ਵਿਵਾਦ ਸਬੰਧੀ ਅਦਾਲਤੀ ਅਧਿਕਾਰ ਖੇਤਰ ਜਿਲ੍ਹਾ ਕਚਹਿਰੀ ਬਠਿੰਡਾ ਹੋਵੇਗਾ।

***10.*** **ਸਹਿਮਤੀ:** ਮੈਂ ________________ (ਬੋਲੀਕਰਤਾ ਦਾ ਨਾਮ) ____________________ (ਫ਼ਰਮ ਦਾ ਨਾਮ) ਵੱਲੋਂ ਬਿਆਨ ਕਰਦਾ ਹਾਂ ਕਿ ਮੈਂ ਕੋਟੇਸ਼ਨ ਮੰਗਵਾਉਣ ਸਬੰਧੀ ਨੋਟਿਸ ਵਿੱਚ ਦਰਸਾਏ ਨਿਯਮ ਅਤੇ ਸ਼ਰਤਾਂ ਨੂੰ ਚੰਗੀ ਤਰ੍ਹਾਂ ਪੜ੍ਹ ਅਤੇ ਸਮਝ ਲਿਆ ਹੈ। ਮੈਂ ਉਕਤ ਨਿਯਮ ਅਤੇ ਸ਼ਰਤਾਂ ਨੂੰ ਮੰਨਣ ਲਈ ਪਾਬੰਦ ਰਹਾਂਗਾ।

ਬੋਲੀਕਰਤਾ ਦੇ ਦਸਤਖਤ ਅਤੇ ਤਾਰੀਖ



CUPB/ SO/2020/NIQ/

ਅਨੁਲਗ-1

# ਕੰਮ ਵਾਲੀ ਜਗ੍ਹਾ ਦੇ ਮੁਆਇਨੇ ਦਾ ਪ੍ਰਮਾਣ ਪੱਤਰ

**ਕੰਮ ਦਾ ਨਾਮ: ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਸਿਟੀ ਕੈਂਪਸ ਤੋਂ ਮੇਨ ਕੈਂਪਸ ਘੁੱਦਾ ਦੀ ਸ਼ਿਫਟਿੰਗ/ਮਾਲ/ਸਮੱਗਰੀ ਆਦਿ ਦੀ ਢੋਆ ਢੁਆਈ ਲਈ ਜਰੂਰਤ ਅਨੁਸਾਰ ਟਰੱਕ ਕਿਰਾਏ ਤੇ ਲੈਣ ਲਈ ਕੋਟੇਸ਼ਨਾਂ ਮੰਗਵਾਉਣ ਸਬੰਧੀ ਨੋਟਿਸ**

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਅਸੀਂ ________________________________ (ਬੋਲੀਕਰਤਾ ਦਾ ਨਾਮ) ਨੇ ਮਿਤੀ ________________ ਨੂੰ ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਸਿਟੀ ਕੈਂਪਸ ਅਤੇ ਮੇਨ ਕੈਂਪਸ ਦਾ ਦੌਰਾ ਕੀਤਾ ਅਤੇ ਆਪਣੀ ਪੇਸ਼ਕਸ ਜਮ੍ਹਾਂ ਕਰਨ ਤੋਂ ਪਹਿਲਾਂ ਕੰਮ ਦੀ ਕਿਸਮ ਅਤੇ ਕੰਮ ਦਾ ਅੰਦਾਜਾ ਲਗਾ ਲਿਆ ਹੈ।

ਅਸੀਂ ਨਿਰਧਾਰਿਤ ਸਮੇਂ ਦੌਰਾਨ ਕੰਮ ਨੂੰ ਖਤਮ ਕਰਨ ਦੇ ਯੋਗ ਹਾਂ ਅਤੇ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਅਸੀਂ ਜਗ੍ਹਾ ਦੀਆਂ ਸਥਿਤੀਆਂ ਦੇ ਅਨੁਕੂਲ ਹੋਣ ਲਈ ਕੰਮ ਕਰਨ ਦੇ ਯੋਗ ਹੋਵਾਂਗੇ।

**ਮੌਜੂਦਾ ਪਤਾ:**

ਪੰਜਾਬ ਕੇਂਦਰੀ ਯੂਨੀਵਰਸਿਟੀ
ਸਿਟੀ ਕੈਂਪਸ, ਮਾਨਸਾ ਰੋਡ
ਬਠਿੰਡਾ, ਪੰਜਾਬ-151001

**ਦਫਤਰ ਜਿੱਥੇ ਸ਼ਿਫਟ ਕਰਨਾ ਹੈ:**

ਪੰਜਾਬ ਕੇਂਦਰੀ ਯੂਨੀਵਰਸਿਟੀ
ਮੇਨ ਕੈਂਪਸ, ਘੁੱਦਾ
ਬਠਿੰਡਾ, ਪੰਜਾਬ

ਬੋਲੀਕਰਤਾ ਦੇ ਦਸਤਖਤ ਅਤੇ ਤਾਰੀਖ



CUPB/ SO/2020/NIQ/

ਅਨੁਲਗ-2

## *Financial Bid (for Trucks)*

| *Sr. No* | *Details of Vehicle* | *Rates per Trip* | *Remarks* |
|---|---|---|---|
| *1.* | *Truck 22 to 26 feet (Full Body)* | | |
| | | | |
| | *Any Other Charges (if any)* | | |
| | *Grand Total* | | |

Signature of Bidder with Date

## *Financial Bid (for Canter)*

| *Sr. No* | *Details of Vehicle* | *Rates per Trip* | *Remarks* |
|---|---|---|---|
| *1.* | *Canter or Similar Vehicle 17-18 feet (full body)* | | |
| | | | |
| | *Any Other Charges (if any)* | | |
| | *Grand Total* | | |

Signature of Bidder with Date

## *Financial Bid [for Tata Ace type vehicle (Chota Haathi)]*

| *Sr. No* | *Details of Vehicle* | *Rates per Trip* | *Remarks* |
|---|---|---|---|
| *1.* | *Tata Ace type vehicle (Chota Haathi)* | | |
| | | | |
| | *Any Other Charges (if any)* | | |
| | *Grand Total* | | |

Signature of Bidder with Date



CUPB/ SO/2020/NIQ/